Australian Government

# ਮੱਰੇ-ਡਾਰਲਿੰਗ ਨਦੀਆਂ ਸਾਡੇ ਦੇਸ਼ ਵਿਚ ਜੀਵਨ ਨੂੰ ਸਹਾਰਾ ਦੇਂਦੀਆਂ ਹਨ - ਭਾਈਚਾਰਿਆਂ, ਖੇਤੀਬਾੜੀ, ਵਾਤਾਵਰਣ ਅਤੇ ਸਾਡੀ ਆਰਥਿਕਤਾ ਦਾ ਸਮਰਥਨ ਕਰਦੀਆਂ ਹਨ।

## ਭਾਈਚਾਰੇ

ਨਦੀਆਂ 2.3 ਮਿਲੀਅਨ (23 ਲੱਖ) ਤੋਂ ਵੱਧ ਲੋਕਾਂ ਨੂੰ ਸਹਾਰਾ ਦੇਂਦੀਆਂ ਹਨ। ਇਸ ਵਿੱਚ ਮੱਰੇ-ਡਾਰਲਿੰਗ ਬੇਸਿਨ ਦੇ ਸਥਾਨਕ ਕਾਰੋਬਾਰ ਅਤੇ ਸਕੂਲ ਅਤੇ 50 ਤੋਂ ਵੱਧ ਫਸਟ ਨੇਸ਼ਨ ਲੋਕਾਂ ਦੇ ਸਮੂਹ (ਆਦਿਵਾਸੀ ਲੋਕ) ਸ਼ਾਮਲ ਹਨ ਜੋ ਇਸ ਜ਼ਮੀਨ, ਪਾਣੀ ਅਤੇ ਅਸਮਾਨ ਦੇਸ਼ ਦੇ ਪਰੰਪਰਾਗਤ ਰਖਵਾਲੇ ਹਨ।

## ਖੇਤੀ ਬਾੜੀ

ਖੇਤਾਂ ਨੂੰ ਵਧੇਰੇ ਲਾਭਕਾਰੀ ਬਣਾਉਣ ਲਈ ਨਦੀਆਂ ਪਾਣੀ ਦੀ ਸਪਲਾਈ ਕਰਦੀਆਂ ਹਨ। ਹਰ ਸਾਲ ਬੇਸਿਨ ਦੇਸ਼ ਦੇ ਭੋਜਨ ਦਾ ਇੱਕ ਤਿਹਾਈ ਤੋਂ ਵੱਧ ਉਤਪਾਦਨ ਕਰਦਾ ਹੈ।

## ਵਾਤਾਵਰਣ

ਮੱਰੇ-ਡਾਰਲਿੰਗ ਨਦੀਆਂ ਆਸਟ੍ਰੇਲੀਆ ਵਿੱਚ ਜੀਵਨ ਨੂੰ ਕਾਇਮ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਨਦੀਆਂ ਬਹੁਤ ਸਾਰੇ ਵਿਲੱਖਣ ਅਤੇ ਪ੍ਰਸਿੱਧ ਪੌਦਿਆਂ ਅਤੇ ਜਾਨਵਰਾਂ ਨੂੰ ਪਾਣੀ ਪ੍ਰਦਾਨ ਕਰਦੀਆਂ ਹਨ, ਜਿਨ੍ਹਾਂ ਵਿੱਚ 50 ਤੋਂ ਵੱਧ ਲੁਪਤ ਹੋਣ ਵਾਲੀਆਂ ਪ੍ਰਜਾਤੀਆਂ ਸ਼ਾਮਲ ਹਨ।

## ਆਰਥਿਕਤਾ

ਮਜ਼ਬੂਤ ਆਰਥਿਕਤਾ ਲਈ, ਬੇਸਿਨ ਦੇ ਭਾਈਚਾਰਿਆਂ ਅਤੇ ਸਮੁੱਚੇ ਆਸਟ੍ਰੇਲੀਆ ਲਈ, ਪਾਣੀ ਜ਼ਰੂਰੀ ਹੈ। ਹਰ ਸਾਲ, ਸੈਲਾਨੀ ਇਸ ਖੇਤਰ ਵਿੱਚ ਲਗਭਗ 15 ਬਿਲੀਅਨ ਡਾਲਰ ਖਰਚ ਕਰਦੇ ਹਨ, ਜੋ ਕਿ ਪੰਛੀ ਦੇਖਣ, ਮੱਛੀਆਂ ਫੜਨ ਅਤੇ ਕੈਂਪਿੰਗ ਵਰਗੇ ਆਕਰਸ਼ਣਾਂ ਦੁਆਰਾ ਇੱਥੇ ਖਿੱਚੇ ਆਉਂਦੇ ਹਨ।



ਇਹ ਜਾਣੋ ਕਿ ਆਸਟ੍ਰੇਲੀਆ ਸਰਕਾਰ ਦੀ ਯੋਜਨਾ ਮੱਰੇ-ਡਾਰਲਿੰਗ ਨਦੀਆਂ ਨੂੰ ਕਿਵੇਂ ਮੁੜ-ਬਹਾਲ ਕਰੇਗੀ: murraydarling.gov.au